ਉਮਦੀਵਾਰਾਂ ਦੇ ਧਿਆਨ ਹਿਤ ਆਨ ਲਾਈਨ ਦਾਖਲਾ ਸੈਸ਼ਨ 2024 ਲਈ ਲਿਆਈਆਂ ਜਾਣ ਵਾਲੀਆਂ ਜ਼ਰੂਰੀ ਹਦਾਇਤਾਂ ਹੇਠ ਅਨੁਸਾਰ ਹਨ:

| | |
|---|---|
| i. | COVID-19 ਦੇ ਦੁਸ਼ਪ੍ਰਭਾਵ ਤੋਂ ਬਚਾਓ ਲਈ ਭਾਰਤ ਸਰਕਾਰ ਅਤੇ ਰਾਜ ਸਰਕਾਰ ਵਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਿਆ ਜਾਵੇ ਅਤੇ ਇੰਨਾਂ ਦੀ ਪਾਲਣਾ ਕੀਤੀ ਜਾਵੇ। |
| ii. | ਦਾਖਲੇ ਲਈ ਚਾਹਵਾਨ ਉਮੀਦਵਾਰ ਵੈਬਸਾਈਟ https://itipunjab.admissions.nic.in/ ਤੇ ਰਜਿਸ਼ਟਰੇਸਨ ਕਰ ਸਕਦੇ ਹਨ। |
| iii. | ਉਮੀਦਵਾਰਾਂ ਵਲੋਂ ਆਨ ਲਾਈਨ ਦਾਖਲੇ ਲਈ ਉਪਰੋਕਤ ਦਾਖਲਾ ਸ਼ਡਿਊਲ ਵਿਚ ਦਰਸਾਈਆਂ ਮਿਤੀਆਂ ਨੂੰ ਅਪਲਾਈ/ ਰਜਿਸ਼ਟਰੇਸ਼ਨ ਕੀਤੀ ਜਾਵੇ ਅੰਤਿਮ ਮਿਤੀ ਉਪਰੰਤ ਕੋਈ ਰਜਿਸ਼ਟਰੇਸ਼ਨ ਨਹੀਂ ਹੋਵੇਗੀ। ਹਰ ਉਮੀਦਵਾਰਾਂ ਵਲੋਂ ਆਨ ਲਾਈਨ ਰਜਿਸ਼ਟਰੇਸ਼ਨ ਲਈ ਕੇਵਲ ਇਕ ਵਾਰੀ, ਇਕੋ ਹੀ ਰਜਿਸ਼ਟਰੇਸ਼ਨ ਆਈ. ਡੀ. ਤਿਆਰ ਕੀਤੀ ਜਾਵੇ। |
| iv. | ਡਾਇਰੈਕਟਰ ਜਨਰਲ ਆਫ ਟ੍ਰੇਨਿੰਗ, ਭਾਰਤ ਸਰਕਾਰ ਨਵੀਂ ਦਿੱਲੀ ਦੀਆਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ, ਹਰ ਕੈਂਡੀਡੇਟਸ ਵਲੋਂ, ਆਨ ਲਾਈਨ ਦਾਖਲਾ ਫਾਰਮ ਵਿਚ ਆਪਣਾ ਮੋਬਾਈਲ ਨੰਬਰ (unique) ਅਤੇ ਈ-ਮੇਲ ਆਈ.ਡੀ (unique) ਲਾਜ਼ਮੀ ਭਰਿਆ ਜਾਵੇ। |
| v. | ਆਨ ਲਾਈਨ ਰਜਿਸ਼ਟਰੇਸ਼ਨ ਫਾਰਮ ਧਿਆਨ ਨਾਲ ਭਰਿਆ ਜਾਵੇ। ਜਿਸ ਵਿਚ ਆਪਣੇ ਨਾਮ, ਪਿਤਾ ਦੇ ਨਾਮ ਅਤੇ ਅਤੇ ਮਾਤਾ ਦੇ ਨਾਮ ਦੇ ਸਪੈਲਿੰਗ, ਜਨਮ ਮਿਤੀ, gender ਅਤੇ ਕੈਟਾਗਰੀ ਆਦਿ ਹੋਰ ਵੇਰਵੇ ਚੈਕ ਕਰਕੇ ਠੀਕ ਭਰੇ ਜਾਣ। ਕੈਂਡੀਡੇਟਸ ਵਲੋਂ ਆਨ ਲਾਈਨ ਰਜਿਸ਼ਟਰੇਸ਼ਨ ਕਰਨ ਸਮੇਂ ਇਹ ਵੇਰਵੇ ਸਹੀ ਭਰਨ ਉਪਰੰਤ, ਫਾਈਨਲ ਸਬਮਿਸ਼ਨ ਤੋਂ ਪਹਿਲਾਂ ਇਕ ਵਾਰ ਫਿਰ ਚੈਕ ਕਰ ਲਏ ਜਾਣ। ਡਾਕੂਮੈਂਟ ਵੈਰੀਫਾਈ ਹੋਣ ਤੋਂ ਪਹਿਲਾਂ, ਉਮੀਦਵਾਰ ਨਿੱਜੀ ਲਾਗ-ਇਨ ਆਈ.ਡੀ. ਅਤੇ password ਦੀ ਵਰਤੋਂ ਕਰਦੇ ਹੋਏ ਆਪਣਾ ਡਾਟਾ Edit/ Update ਕਰ ਸਕਦੇ ਹਨ। ਫਿਰ ਵੀ ਗਲਤੀ ਰਹਿ ਜਾਂਦੀ ਹੈ ਤਾਂ ਉਮੀਦਵਾਰ ਦੀ ਨਿੱਜੀ ਜਿੰਮੇਵਾਰੀ ਹੋਵੇਗੀ। |
| vi. | ਉਮੀਦਵਾਰ ਆਪਣੀ ਆਨ ਲਾਈਨ ਰਜਿਸ਼ਟਰੇਸ਼ਨ ਦੇ ਲਾਗ-ਇਨ ਆਈ.ਡੀ. ਦਾ password ਕਿਸੇ ਹੋਰ ਨਾਲ ਸ਼ੇਅਰ ਨਾ ਕਰਨ ਭਾਵ ਕਿਸੇ ਨੂੰ ਨਾ ਦੱਸਣ ਤਾਂ ਜੋ ਲਾਗ-ਇਨ ਆਈ.ਡੀ. ਦੀ ਦੁਰਵਰਤੋਂ ਨਾ ਹੋ ਸਕੇ। ਇਸ ਕਾਰਨ ਆਪਣੀ ਸਹੂਲੀਅਤ ਅਨੁਸਾਰ password ਸੁਰੱਖਿਅਤ ਰੱਖ ਲਿਆ ਜਾਵੇ। |
| vii. | ਸਰਕਾਰੀ ਅਤੇ ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ ਦੀ ਸੂਚੀ ਵੈਬਸਾਈਟ https://itipunjab.admissions.nic.in/ ਤੇ ਉਪਲਬੱਧ ਹੈ। ਇਸ ਸੂਚੀ ਵਿਚ Co-Edu ਸੰਸਥਾਵਾਂ ਅਤੇ |

| | |
|---|---|
| | ਕੇਵਲ Women ਸਬੰਧੀ ਦਰਸਾਇਆ ਗਿਆ ਹੈ, ਅਨੁਸਾਰ ਦਾਖਲੇ ਲਈ ਆਪਣੀ ਸੰਸਥਾ ਦੀ ਚੁਆਇਸ ਭਰੀ ਜਾ ਸਕਦੀ ਹੈ। |
| viii. | ਉਮੀਦਵਾਰਾਂ ਵਲੋਂ ਆਨ ਦਾਖਲੇ ਲਈ ਰਜਿਸ਼ਟਰੇਸ਼ਨ ਕਰਨ ਅਤੇ ਸਰਟੀਫਿਕੇਟ ਅਪਲੋਡ ਕਰਨ ਉਪਰੰਤ, ਡਾਕੂਮੈਂਟ ਵੈਰੀਫਾਈ ਕਰਵਾਉਣ ਲਈ ਆਪਣੀ ਸੁਵਿਧਾ ਅਨੁਸਾਰ, ਡੈਜੀਗਨੇਟਿਡ ਇੰਸਟੀਚਿਉਟ ਨੂੰ ਸਿਲੈਕਟ ਕੀਤਾ ਜਾਵੇ ਅਤੇ ਦਸਤਾਵੇਜ SEND ਕੀਤੇ ਜਾਣ।<br>ਕੈਂਡੀਡੇਟ ਵਲੋਂ ਦਾਖਲਾ ਸ਼ਡਿਊਲ ਵਿਚ ਦਰਸਾਈਆਂ ਮਿਤੀਆਂ ਅਨੁਸਾਰ ਪ੍ਰੋਸੈਸਿੰਗ ਫੀਸ 100/- ਰੁਪਏ, ਦਾਖਲਾ ਪੋਰਟਲ ਉਪਰ ਦਰਸਾਏ ਪੇਮੈਂਟ ਲਿੰਕ ਉਪਰ ਆਨ ਲਾਈਨ ਪ੍ਰੋਸੈਸ ਰਾਂਹੀਂ ਜਿਵੇਂ ਕਿ ਡੈਬਿਟ ਕਾਰਡ, ਕਰੈਡਿਟ ਕਾਰਡ, ਇੰਟਰਨੈਟ ਬੈਕਿੰਗ ਜਾਂ ਯੂ.ਪੀ.ਆਈ. ਰਾਂਹੀਂ ਸਬਮਿਟ ਕਰਵਾਈ ਜਾ ਸਕਦੀ ਹੈ।<br>ਜਾਂ<br>ਉਪਰੋਕਤ ਫੀਸ ਦੀ ਰਾਸ਼ੀ ਬੈਂਕ ਚਲਾਨ ਰਾਂਹੀਂ ਆਫਲਾਈਨ ਵੀ ਬੈਂਕ ਵਿਚ ਸਬਮਿਟ ਕਰਵਾਈ ਜਾ ਸਕਦੀ ਹੈ। ਚਲਾਨ ਰਾਂਹੀਂ ਸਬਮਿਟ ਕਰਵਾਈ ਜਾਣ ਵਾਲੀ ਫੀਸ ਦੀ ਐਂਟਰੀ, ਅਪਡੇਟ ਹੋਣ ਲਈ ਘੱਟੋ-ਘੱਟ 12 ਘੰਟੇ ਤੱਕ ਦਾ ਸਮਾਂ ਲਗ ਸਕਦਾ ਹੈ। ਕੈਂਡੀਡੇਟ ਵਲੋਂ ਆਫਲਾਈਨ ਚਲਾਨ ਰਾਂਹੀਂ ਫੀਸ ਸਬਮਿਟ ਕਰਵਾਏ ਜਾਣ ਉਪਰੰਤ, ਆਪਣੇ ਦਾਖਲਾ ਪੋਰਟਲ ਦੀ ਲਾਗ ਇਨ ਆਈ.ਡੀ. ਵਿਚ ਫੀਸ ਅਪਡੇਟ ਦਾ ਸਟੇਟਸ ਚੈਕ ਕਰ ਲਿਆ ਜਾਵੇ ਕਿ ਫੀਸ ਕੰਫਰਮ ਹੋ ਗਈ ਹੈ ਜਾਂ ਨਹੀਂ। ਚਲਾਨ ਰਾਂਹੀਂ ਸਬਮਿਟ ਕਰਵਾਈ ਰਾਸ਼ੀ ਜੇਕਰ ਨਿਸ਼ਚਿਤ ਕੀਤੇ ਹੋਏ ਦਾਖਲਾ ਸ਼ਡਿਊਲ ਦੇ ਸਮੇਂ ਅੰਦਰ, ਬੈਕਿੰਗ ਸਿਸਟਮ ਦੇ ਵਿਚ ਦੇਰੀ ਹੋਣ ਦੇ ਕਾਰਨਾਂ ਕਰਕੇ, ਕੰਫਰਮ ਨਹੀਂ ਹੁੰਦੀ ਤਾਂ ਉਸ ਦੇ ਡਾਕੂਮੈਂਟ ਵੈਰੀਫਾਈ ਨਹੀਂ ਹੋਣਗੇ। ਇਸ ਦੇ ਲਈ ਵਿਭਾਗ ਜਿੰਮੇਵਾਰ ਨਹੀਂ ਹੋਵੇਗਾ।<br>ਇਸ ਸਬੰਧ ਵਿਚ ਇਹ ਫੀਸ ਦਾਖਲਾ ਪੋਰਟਲ ਉਪਰ ਦਰਸਾਏ ਪੇਮੈਂਟ ਲਿੰਕ ਤੇ ਆਨ ਲਾਈਨ ਪ੍ਰੋਸੈਸ ਰਾਂਹੀਂ ਸਬਮਿਟ ਕਰਵਾਏ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ।<br>ਇਹ ਪ੍ਰੋਸੈਸਿੰਗ ਫੀਸ ਕੰਫਰਮ ਹੋ ਜਾਣ ਉਪਰੰਤ, Designated Institutes ਵਲੋਂ ਡਾਕੂਮੈਂਟ ਵੈਰੀਫਿਕੇਸ਼ਨ ਕੀਤੇ ਜਾ ਸਕਣਗੇ। |
| ix. | Designated Institutes ਦੀ ਲਿਸ਼ਟ ਵੈਬਸਾਈਟ ਉਪਰ ਅਤੇ ਦਾਖਲਾ ਪ੍ਰਾਸਪੈਕਟਸ ਵਿਚ ਉਪਲਬੱਧ ਹੈ। |
| x. | ਡਾਕੂਮੈਂਟਸ ਵੈਰੀਫਿਕੇਸ਼ਨ ਹੋ ਜਾਣ ਉਪਰੰਤ, ਟਰੇਡ ਦੀ ਅਤੇ ਸੰਸਥਾ ਦੀ ਚੁਆਇਸ ਭਰੀ ਜਾਵੇ। |
| xi. | ਉਮੀਦਵਾਰ ਵੱਲੋਂ ਆਨ ਲਾਈਨ ਦਾਖਲੇ ਲਈ ਰਜਿਸ਼ਟਰੇਸ਼ਨ ਕਰਨ ਸਮੇਂ, ਜਿਸ ਟਰੇਡ ਦੇ ਦਾਖਲੇ ਲਈ ਆਪਣੀ ਚੁਆਇਸ ਭਰੀ ਜਾਣੀ ਹੈ ਭਾਵ ਜਿਸ ਟਰੇਡ ਵਿਚ ਦਾਖਲਾ ਲਿਆ ਜਾਣਾ ਹੈ, ਸਬੰਧਤ ਸੰਸਥਾ ਮੁੱਖੀ ਤੋਂ ਉਸ ਟਰੇਡ ਦੀ ਐਫੀਲੇਸ਼ਨ NCVT/SCVT ਜਾਂ DST ਸਬੰਧੀ ਪਹਿਲਾਂ ਜਾਣਕਾਰੀ ਲੈ ਲਈ ਜਾਵੇ ਜਾਂ ਸਿੱਧੇ |

| | |
|---|---|
| | ਡੀ.ਜੀ.ਟੀ. ਭਾਰਤ ਸਰਕਾਰ ਨਵੀਂ ਦਿੱਲੀ ਦੇ NCVT-MIS/ SIDH ਪੋਰਟਲ ਦੇ ਲਿੰਕ https://www.ncvtmis.gov.in/Pages/ITI/Search.aspx ਤੋਂ ਵੀ ਜਾਣਕਾਰੀ ਲੈ ਲਈ ਜਾਵੇ। ਟਰੇਡਾਂ ਦੀ ਐਫੀਲੇਸ਼ਨ ਦੇ ਆਧਾਰ ਤੇ ਦਾਖਲੇ ਲਈ ਅਪਲਾਈ ਕੀਤਾ ਜਾਵੇ। |
| xii. | ਵੱਖ-ਵੱਖ ਟਰੇਡਾਂ ਦੇ ਦਾਖਲੇ ਲਈ ਵਿਦਿਅਕ ਯੋਗਤਾਵਾਂ ਆਨ ਲਾਈਨ ਦਾਖਲਾ ਪ੍ਰਾਸਪੈਕਟਸ ਵਿਚ ਦਰਸਾਈਆਂ ਗਈਆਂ ਹਨ ਜੋ ਕਿ ਵੈਬਸਾਈਟ ਤੇ ਉਪਲਬੱਧ ਹੈ। |
| xiii. | ਕਰਾਫਟਸਮੈਨ ਸਕੀਮ ਤਹਿਤ ਵੱਖ-ਵੱਖ ਟਰੇਡਾਂ ਦੇ ਦਾਖਲੇ ਲਈ, ਉਮੀਦਵਾਰ ਸ਼ਰੀਰਕ ਤੌਰ ਤੇ ਫਿੱਟ ਹੋਣ ਅਤੇ ਉਮਰ ਦਾਖਲੇ ਦੇ ਸਾਲ ਦੀ ਪਹਿਲੀ ਅਗਸਤ ਨੂੰ 14 ਸਾਲ ਹੋਵੇ। ਭਾਰਤ ਸਰਕਾਰ ਦੇ ਪੱਤਰ ਨੰ: D.G.E.&T,-19/(15)/2010 CD ਮਿਤੀ 20-09-2010 ਦੇ ਫੈਸਲੇ ਅਨੁਸਾਰ ਦਾਖਲੇ ਲਈ ਉਪਰਲੀ ਉਮਰ ਦੀ ਹੱਦ ਖਤਮ ਕਰ ਦਿੱਤੀ ਹੈ। |
| xiv. | ਦਾਖਲੇ ਵਿਚ ਰਿਜਰਵੇਸ਼ਨ ਪੰਜਾਬ ਸਰਕਾਰ ਵਲੋਂ ਨਿਰਧਾਰਤ ਰਿਜਰਵੇਸ਼ਨ ਪਾਲਿਸੀ ਮੁਤਾਬਿਕ ਹੋਵੇਗੀ। ਰਿਜਰਵ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋਂ ਜਾਰੀ ਕੀਤੇ ਸਰਟੀਫਿਕੇਟ ਦੀ ਕਾਪੀ ਅਪਲੋਡ ਕੀਤੀ ਜਾਵੇ। ਅਜਿਹਾ ਸਬੂਤ ਉਪਰੋਕਤ ਦਾਖਲਾ ਸ਼ਡਿਊਲ ਵਿਚ ਦਰਸਾਈਆਂ ਮਿਤੀਆਂ ਨੂੰ ਪੋਰਟਲ ਉਪਰ ਅਪਲੋਡ ਨਾ ਕੀਤੇ ਜਾਣ ਦੀ ਸੂਰਤ ਵਿਚ ਉਸ ਨੂੰ ਜਨਰਲ ਕੈਟਾਗਰੀ ਵਜੋਂ ਵਿਚਾਰਿਆ ਜਾਵੇਗਾ। |
| xv. | ਦਿਵਿਆਂਗ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਵਲੋਂ ਆਪਣੀ ਰਜਿਸ਼ਟਰੇਸ਼ਨ ਸਮੇਂ, ਏ ਟੀ ਆਈ ਦਾ ਸਰਟੀਫਿਕੇਟ ਲਾਜ਼ਮੀ ਅਪਲੋਡ ਕੀਤਾ ਜਾਵੇ। |
| xvi. | ਸਰਕਾਰੀ ਉਦਯੋਗਿਕ ਸਿਖਲ਼ਾਈ ਸੰਸਥਾਵਾਂ ਵਿਖੇ ਇੰਜੀਨੀਅਰਿੰਗ ਅਤੇ ਨਾਨ ਇੰਜੀਨੀਅਰਿੰਗ ਟਰੇਡਾਂ ਦੀ ਕੁੱਲ ਸਲਾਨਾ ਫੀਸ 3400/- ਰੁਪਏ ਸਲਾਨਾ ਹੈ। ਉਮੀਦਵਾਰਾਂ ਲਈ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਦਾਖਲੇ ਲਈ ਕੇਵਲ 1200/- (750/- + 450/-) ਰੁਪਏ ਦੀ ਫੀਸ ਲਈ ਜਾਵੇਗੀ ਅਤੇ ਬਾਕੀ ਫੀਸ 750/- ਰੁਪਏ ਦੀ ਦਰ ਨਾਲ ਤਿਮਾਹੀ ਕਿਸ਼ਤਾਂ ਵਿੱਚ ਲਈ ਜਾਵੇਗੀ।<br><br>ਅਨੁਸੂਚਿਤ ਜਾਤੀ ਦੇ ਉਮੀਦਵਾਰ, ਜਿਨ੍ਹਾਂ ਦੀ ਪਰਿਵਾਰਕ ਸਲਾਨਾ ਆਮਦਨ 2.5 ਲੱਖ ਜਾਂ ਇਸ ਤੋਂ ਘੱਟ ਹੈ, (ਆਨ ਲਾਈਨ ਰਜਿਸ਼ਟਰੇਸ਼ਨ ਫਾਰਮ ਨਾਲ ਸਬੂਤ ਪੇਸ਼ ਕਰਨ ਤੇ) ਨੂੰ ਕੇਵਲ 100/- ਰੁਪਏ ਫੀਸ ਹੀ ਦੇਣੀ ਹੋਵੇਗੀ। |
| xvii. | ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਖੇ ਇੰਜੀਨੀਅਰਿੰਗ ਅਤੇ ਨਾਨ ਇੰਜੀਨੀਅਰਿੰਗ ਟਰੇਡਾਂ ਲਈ ਇਹ ਫੀਸ ਕ੍ਰਮਵਾਰ 19312/- ਰੁਪਏ ਅਤੇ 12875/- ਰੁਪਏ ਸਲਾਨਾ ਹੈ। |

| | |
|---|---|
| xviii. | ਦਾਖਲਾ ਸ਼ਡਿਉਲ ਵਿਚ ਦਰਸਾਈਆਂ ਮਿਤੀਆਂ ਨੂੰ ਦਾਖਲਾ ਪੋਰਟਲ ਤੇ ਸੀਟ ਅਲਾਟਮੈਂਟ ਦਾ ਰਿਜਲਟ ਚੈਕ ਕੀਤਾ ਜਾਵੇ ਅਤੇ ਆਪਣੀ ਸੀਟ ਅਲਾਟਮੈਂਟ ਦਾ ਪ੍ਰਿੰਟ ਆਉਟ ਲੈ ਲਿਆ ਜਾਵੇ। ਸਿਖਿਆਰਥੀ ਵਲੋਂ ਨਿਸ਼ਚਿਤ ਸ਼ਡਿਉਲ ਅਨੁਸਾਰ ਤੁਰੰਤ ਦਾਖਲਾ ਫੀਸ ਜਮਾਂ ਕਰਵਾਈ ਜਾਵੇਗੀ। ਜੇਕਰ ਨਿਸ਼ਚਿਤ ਸ਼ਡਿਉਲ ਅੰਦਰ ਫੀਸ ਜਮਾਂ ਨਹੀਂ ਕਰਵਾਈ ਜਾਂਦੀ ਹੈ ਤਾਂ ਉਸ ਦੀ ਅਲਾਟ ਹੋਈ ਸੀਟ ਰੱਦ ਹੋ ਜਾਵੇਗੀ। ਸਿਖਿਆਰਥੀ ਵਲੋਂ ਆਨ ਲਾਈਨ ਫੀਸ ਜਮਾਂ ਕਰਵਾਏ ਜਾਣ ਉਪਰੰਤ, ਦਾਖਲੇ ਵਾਲੀ ਸੰਸਥਾ ਵਲੋਂ ਸਿਖਿਆਰਥੀ ਦੇ ਅਪਲੋਡ ਕੀਤੇ ਦਸਤਾਵੇਜ ਚੈਕ ਕੀਤੇ ਜਾਣਗੇ। ਦਸਤਾਵੇਜ ਠੀਕ ਪਾਏ ਜਾਣ ਤੇ ਸੰਸਥਾ ਵਲੋਂ, ਆਨ ਲਾਈਨ ਦਾਖਲਾ ਪੋਰਟਲ ਉਪਰ ਸੀਟ ਕੰਫਰਮ ਕਰ ਦਿੱਤੀ ਜਾਵੇਗੀ।<br>ਨਿਸ਼ਚਿਤ ਸ਼ਡਿਉਲ ਅੰਦਰ ਤਰੁੱਟੀ ਨਾ ਦੂਰ ਕਰਨ ਦੀ ਸੂਰਤ ਵਿਚ, ਅਲਾਟ ਹੋਈ ਸੀਟ ਸੰਸਥਾ ਮੁੱਖੀ ਵਲੋਂ ਕੈਂਸਲ ਕਰ ਦਿੱਤੀ ਜਾਵੇਗੀ। ਸੀਟ ਕੈਂਸਲ ਕਰਨ ਦਾ ਅਧਿਕਾਰ ਸੰਸਥਾ ਮੁੱਖੀ ਨੂੰ ਹੋਵੇਗਾ।<br>ਅਜਿਹਾ ਉਮੀਦਵਾਰ ਆਪਣੇ ਦਸਤਾਵੇਜ ਮੁੜ ਤੋਂ ਸਬੰਧਤ ਡੈਜੀਗਨੇਟਿਡ ਇੰਸਟੀਚਿਉਟ ਪਾਸੋਂ ਠੀਕ ਕਰਵਾ ਲਏ ਜਾਣ ਉਪਰੰਤ, ਚੱਲ ਰਹੇ ਸ਼ਡਿਉਲ ਅਨੁਸਾਰ ਅਗਲੀ ਕੌਂਸਲਿੰਗ ਵਿਚ ਅਪਲਾਈ ਕਰ ਸਕੇਗਾ। |
| xix. | Fee applicable at Govt. ITI's shall be charged for 5% (five percentages) seats in the private unaided ITI's/ ITC's from the poor students whose family income is less than 2 lacs per annum. |
| xx. | ਜੇਕਰ ਕਿਸੇ ਟਰੇਡ ਵਿਚ ਦਾਖਲਾ 50% ਤੋਂ ਘੱਟ ਹੁੰਦਾ ਹੈ ਤਾਂ ਅਜਿਹੇ ਦਾਖਲ ਸਿਖਿਆਰਥੀਆਂ ਨੂੰ ਦੂਜੀਆਂ ਸੰਸਥਾਵਾਂ ਵਿਚ, ਜਿੰਨਾਂ ਸੰਸਥਾਵਾਂ ਵਿਚ ਉਸੇ ਹੀ ਟਰੇਡ ਵਿਚ ਖਾਲੀ ਸੀਟਾਂ ਰਹਿ ਗਈਆਂ ਹੋਣ, ਵਿਰੁੱਧ ਮਾਈਗਰੇਟ ਕਰ ਦਿੱਤਾ ਜਾਵੇਗਾ। ਇਸ ਸਬੰਧ ਵਿਚ ਆਨ ਲਾਈਨ ਦਾਖਲਾ ਪੋਰਟਲ ਉਪਰ ਸਿਖਿਆਰਥੀ ਪਾਸੋਂ ਕੰਸੈਂਟ ਲਈ ਜਾਵੇਗੀ। |
| xxi. | ਦਾਖਲ ਸਿਖਿਆਰਥੀਆਂ ਨੂੰ ਸਰਟੀਫਿਕੇਟ ਦੇ ਮਿਲ ਜਾਣ ਤੱਕ ਆਨ ਲਾਈਨ ਪੋਰਟਲ ਤੇ ਮੋਬਾਈਲ ਨੰਬਰ ਅਤੇ ਈ-ਮੇਲ ਆਈ.ਡੀ. ਤਬਦੀਲ ਕਰਨ ਦੀ ਇਜਾਜਤ ਨਹੀਂ ਹੋਵੇਗੀ। ਅਣਗਿਹਲੀ ਕਰਨ ਦੀ ਸੂਰਤ ਵਿਚ, ਜੇਕਰ ਦਾਖਲੇ ਸਬੰਧੀ, ਡਾਟਾ ਅਪਲੋਡ ਸਬੰਧੀ, ਟ੍ਰੇਨਿਜ਼ ਪ੍ਰੋਫਾਈਲ ਵੈਰੀਫਿਕੇਸ਼ਨ ਸਬੰਧੀ, ਪ੍ਰੀਖਿਆ ਨਾਲ ਸਬੰਧਤ, ਆਨ ਲਾਈਨ ਰਜ਼ਿਸਟਰੇਸ਼ਨ ਅਤੇ ਸਰਟੀਫਿਕੇਟ ਆਦਿ ਸਬੰਧੀ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਸਿਖਿਆਰਥੀ ਦੀ ਖੁਦ ਜਿੰਮੇਵਾਰ ਹੋਵੇਗਾ। ਇਸ ਸਬੰਧ ਸੀਟ ਅਲਾਟਮੈਂਟ ਹੋ ਜਾਣ ਉਪਰੰਤ, ਕੈਂਡੀਡੇਟਸ ਤੋਂ ਇਸ ਸਬੰਧ ਵਿਚ ਅੰਡਰਟੇਕਿੰਗ ਲਈ ਜਾਵੇਗੀ। ਉਪਰੰਤ ਆਨ ਲਾਈਨ ਫੀਸ ਜਮਾਂ ਕਰਵਾ ਦਿੱਤੀ ਜਾਵੇ। |
| xxii. | ਜਿੰਨ੍ਹਾਂ ਉਮੀਦਵਾਰਾਂ ਨੂੰ ਪਹਿਲੀ ਕੌਂਸਲਿੰਗ ਦੌਰਾਨ ਦਾਖਲਾ ਨਹੀਂ ਮਿਲਿਆ, ਉਹਨਾਂ ਵਲੋਂ ਦਾਖਲਾ ਸ਼ਡਿਉਲ |

| | |
|---|---|
| | ਵਿਚ ਦਰਸਾਈਆਂ ਅਗਲੇ ਰਾਊਂਡ ਦੀਆਂ ਮਿਤੀਆਂ ਨੂੰ ਮੁੜ ਕੇਵਲ ਆਪਣੀ Choice Fill ਕੀਤੀ ਜਾਵੇ। |
| xxiii. | ਕਿਸੇ ਉਮੀਦਵਾਰ ਨੂੰ ਕਿਸੇ ਕੌਂਸਲਿੰਗ ਦੋਰਾਨ ਦਾਖਲਾ ਮਿਲ ਜਾਂਦਾ ਹੈ ਅਤੇ ਉਹ ਫੀਸ ਜਮਾਂ ਕਰਵਾ ਦਿੰਦਾ ਹੈ, ਉਪਰੰਤ ਜੇਕਰ ਉਹ ਉਮੀਦਵਾਰ ਦੁਬਾਰਾ (ਪਹਿਲਾਂ ਮਿਲੀ ਸੀਟ ਨੂੰ ਹੋਰ better option ਅਨੁਸਾਰ ਅਪਡੇਟ ਕਰਨ ਲਈ) ਅਗਲੇ ਰਾਊਂਡ ਦੋਰਾਨ ਕਿਸੇ ਸੰਸਥਾ ਵਿਚ ਕਿਸੇ ਟਰੇਡ ਲਈ ਅਪਲਾਈ/ Choice Fill ਕਰਦਾ ਹੈ ਅਤੇ ਉਸ ਨੂੰ ਸੀਟ ਅਲਾਟ ਹੋ ਜਾਂਦੀ ਹੈ ਤਾਂ ਉਸ ਉਮੀਦਵਾਰ ਨੂੰ ਪਹਿਲਾਂ ਮਿਲੀ ਸੀਟ ਕੈਂਸਲ ਹੋ ਜਾਵੇਗੀ ਅਤੇ ਪਹਿਲਾਂ ਦਾਖਲੇ ਵਾਲੀ ਸੀਟ ਤੇ ਕਲੇਮ ਖਤਮ ਹੋ ਜਾਵੇਗਾ।<br>ਦਾਖਲਾ ਸ਼ਡਿਉਲ ਦੀਆਂ ਮਿਤੀਆਂ ਅਨੁਸਾਰ, ਨਵੀਂ ਅਲਾਟ ਹੋਈ ਸੀਟ, ਸਬੰਧਤ ਸੰਸਥਾ ਵੱਲੋਂ (ਦਸਤਾਵੇਜ ਵੈਰੀਫਾਈ ਕਰਨ ਉਪਰੰਤ) ਕੰਨਫਰਮ ਕੀਤੀ ਜਾਵੇਗੀ। ਜਿੰਨ੍ਹਾਂ ਉਮੀਦਵਾਰਾਂ ਨੂੰ ਉਨ੍ਹਾਂ ਦੀ ਮਨ-ਪਸੰਦ ਸੀਟ ਮਿਲ ਜਾਂਦੀ ਹੈ ਤਾਂ ਉਹ ਅਗਲੀ ਕੌਂਸਲਿੰਗ ਵਿਚ ਹਿੱਸਾ ਨਾ ਲੈਣ। |
| xxiv. | ਦਾਖਲਾ ਪ੍ਰੀਕ੍ਰਿਆ ਅਤੇ ਕੌਂਸਲਿੰਗ ਸ਼ਡਿਉਲ ਦੇ ਸਬੰਧ ਵਿਚ ਸਮੇਂ-ਸਮੇਂ ਤੇ ਹੋਰ ਤਾਜਾ ਅਪਡੇਟ ਅਤੇ ਵਧੇਰੇ ਜਾਣਕਾਰੀ ਵੈਬਸਾਈਟ ਤੇ ਅਪਡੇਟ ਕੀਤੀ ਜਾਵੇਗੀ। ਇਸ ਲਈ ਤਾਜਾ ਅਪਡੇਟ ਅਤੇ ਵਧੇਰੇ ਜਾਣਕਾਰੀ ਲਈ ਇਹ ਵੈਬਸਾਈਟ ਨਿਯਮਿਤ ਤੌਰ ਤੇ ਚੈਕ ਕਰਦੇ ਰਹਿਣ। |
| xxv. | ਜੇਕਰ ਉਮੀਦਵਾਰ ਦਾਖਲੇ ਲਈ ਅੰਤਿਮ ਮਿਤੀਆਂ ਨੂੰ (ਵੈਬਸਾਈਟ ਤੇ ਲੋਡ ਵੱਧ ਹੋ ਜਾਣ ਕਾਰਨ) ਰਜਿਸ਼ਟਰੇਸ਼ਨ ਕਰਨ ਵਿਚ ਅਸਮਰੱਥ ਹੁੰਦੇ ਹਨ ਤਾਂ ਇਸ ਵਿਚ ਵਿਭਾਗ ਦੀ ਜਿੰਮੇਵਾਰੀ ਨਹੀਂ ਹੋਵੇਗੀ। ਆਨ ਲਾਈਨ ਦਾਖਲਾ ਫਾਰਮ ਭਰਨ ਤੋਂ ਪਹਿਲਾਂ ਮੁਕੰਮਲ ਹਦਾਇਤਾਂ ਧਿਆਨ ਨਾਲ ਪੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ। |
| xxvi. | ਰਾਜ ਸਰਕਾਰ/ ਵਿਭਾਗ ਵਲੋਂ ਜਾਰੀ ਹਦਾਇਤਾਂ, ਪ੍ਰਾਸਪੈਕਟਸ, ਯੂਜਰ ਮੈਨੂਅਲ, ਦਾਖਲਾ ਨੋਟਿਸ ਅਤੇ ਹੋਰ ਜਾਣਕਾਰੀ ਆਦਿ ਵੈਬਸਾਈਟ ਤੇ ਉਪਲਬੱਧ ਹੈ। |
| xxvii. | ਮਿਤੀ 31-08-2024 ਤੱਕ ਦਾਖਲ ਸਿਖਿਆਰਥੀਆਂ ਦੀਆਂ ਕਲਾਸਾਂ 02-09-2024 ਤੋਂ ਸ਼ੁਰੂ ਹੋਣਗੀਆਂ। |